


# ਸੋਗ ਸਮਰਥਨ

Demelza ਦਾ ਮੰਨਣਾ ਹੈ ਕਿ ਹਰੇਕ ਪਰਿਵਾਰ ਵਿੱਚ ਦੁੱਖ ਦੀ ਘੜੀ ਵਿਲੱਖਣ ਹੁੰਦੀ ਹੈ। ਅਸੀਂ ਤੁਹਾਡੀਆਂ ਲੋੜਾਂ ਦੇ ਅਨੁਕੂਲ ਵੱਖ-ਵੱਖ ਤਰ੍ਹਾਂ ਦਾ ਸਮਰਥਨ ਪ੍ਰਦਾਨ ਕਰਦੇ ਹਾਂ।

ਅਸੀਂ ਉਦੋਂ ਤੱਕ ਤੁਹਾਡੇ ਅਤੇ ਤੁਹਾਡੇ ਪਰਿਵਾਰ ਨਾਲ ਖੜ੍ਹੇ ਹਾਂ ਜਦੋਂ ਤੱਕ ਤੁਹਾਨੂੰ ਸਾਡੀ ਲੋੜ ਹੈ।

### ਇਨ ਟੱਚ ਨਿਊਜ਼ਲੈਟਰ

ਹਰੇਕ 6 ਹਫ਼ਤਿਆਂ ਵਿੱਚ ਭੇਜਿਆ ਜਾਣ ਵਾਲਾ ਸਾਡਾ ਨਿਊਜ਼ਲੈਟਰ ਤੁਹਾਨੂੰ ਸਾਡੀਆਂ ਸੇਵਾਵਾਂ, ਸਮਰਥਨ ਗਰੁੱਪਾਂ, ਸੈਸ਼ਨਾਂ ਅਤੇ ਕਾਰਜਾਂ ਬਾਰੇ ਅੱਪਡੇਟ ਪ੍ਰਦਾਨ ਕਰਕੇ ਜੁੜੇ ਰਹਿਣ ਅਤੇ ਤੁਹਾਨੂੰ ਸੂਚਿਤ ਰੱਖਣ ਲਈ ਬਣਾਇਆ ਗਿਆ ਹੈ।

---

### Demelza ਸੋਗਵਾਰ ਪਰਿਵਾਰਾਂ ਦਾ ਫੇਸਬੁੱਕ ਗਰੁੱਪ

ਬੱਚੇ ਦੀ ਮੌਤ ਦੇ ਦੁੱਖ ਵਿੱਚੋਂ ਲੰਘ ਰਹੇ ਪਰਿਵਾਰਾਂ ਲਈ ਇੱਕ ਨਿੱਜੀ ਗਰੁੱਪ ਅਤੇ ਸਮਰਪਿਤ ਸਥਾਨ ਤਾਂ ਕਿ ਉਹ ਇਸ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਵਾਲੇ ਹੋਰ ਪਰਿਵਾਰਾਂ ਨਾਲ ਆਪਣੇ ਅਨੁਭਵ ਸਾਂਝੇ ਕਰ ਸਕਣ ਅਤੇ ਸਮਰਥਨ ਲੱਭ ਸਕਣ। ਇਹ ਗਰੁੱਪ ਪੀਅਰ ਸਮਰਥਨ ਦੀ ਪੇਸ਼ਕਸ਼ ਕਰਦਾ ਹੈ ਅਤੇ ਬ੍ਰੀਵਮੈਂਟ ਟੀਮ ਤੋਂ ਅੱਪਡੇਟਾਂ, ਕਾਰਜਾਂ ਅਤੇ ਹੋਰ ਮੌਕਿਆਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ।

---

### ਫੇਸ-ਟੂ-ਫੇਸ ਬ੍ਰੀਵਮੈਂਟ ਕੈਫ਼ੇ

ਸੋਗਵਾਰ ਪਰਿਵਾਰਾਂ ਲਈ ਸਾਡੇ ਮਿੱਤਰਤਾਪੂਰਨ ਇਕੱਠਾਂ ਦਾ ਹਿੱਸਾ ਬਣੋ। ਭਾਵੇਂ ਤੁਸੀਂ ਆਪਣੀਆਂ ਯਾਦਾਂ ਸਾਂਝੀਆਂ ਕਰਨਾ ਚਾਹੁੰਦੇ ਹੋ, ਸਮਰਥਨ ਪ੍ਰਾਪਤ ਕਰਨਾ ਚਾਹੁੰਦੇ ਹੋ ਜਾਂ ਬੱਸ ਚੈਟ ਕਰਨੀ ਚਾਹੁੰਦੇ ਹੋ, ਤੁਹਾਡਾ ਸੁਆਗਤ ਹੈ। ਕਿਸੇ ਬੁਕਿੰਗ ਦੀ ਲੋੜ ਨਹੀਂ – ਬੱਸ ਆਓ ਅਤੇ ਹੈਲੋ ਕਹੋ।

**ਕੇਵ ਕੈਫ਼ੇ:**
ਮਹੀਨੇ ਦੇ ਪਹਿਲੇ ਮੰਗਲਵਾਰ,
ਸਵੇਰੇ 10 ਵਜੇ – ਦੁਪਹਿਰ 12 ਵਜੇ ਤੱਕ, Salvation Army, Union Crescent, Margate, CT9 1NS.

**ਫਾਰਮ ਕੈਫ਼ੇ:**
ਮਹੀਨੇ ਦੇ ਦੂਜੇ ਵੀਰਵਾਰ,
ਸਵੇਰੇ 10 ਵਜੇ – ਦੁਪਹਿਰ 12 ਵਜੇ ਤੱਕ, Demelza Hill Farm, Rook Lane, Bobbing,
Sittingbourne, ME9 8DZ

**ਕਿਚਨ ਕੈਫ਼ੇ:**
ਮਹੀਨੇ ਦੇ ਤੀਜੇ ਸੋਮਵਾਰ,
ਸਵੇਰੇ 10 ਵਜੇ – ਦੁਪਹਿਰ 12 ਵਜੇ ਤੱਕ, Demelza Eltham, 5 Wensley Close, Eltham, SE9 5AB

### ਵਰਚੁਅਲ ਬ੍ਰੀਵਮੈਂਟ ਕੈਫ਼ੇ

ਇੱਕ-ਦੂਜੇ ਨੂੰ ਮਿਲਣ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਇੱਕ ਆਰਾਮਦਾਇਕ ਅਤੇ ਮਿੱਤਰਤਾਪੂਰਨ ਸਥਾਨ ਜਿੱਥੇ ਹਰ ਕੋਈ ਤੁਹਾਡੇ ਦੁੱਖ ਨੂੰ ਸਮਝਦਾ ਹੈ ਅਤੇ ਇਹ ਸਭ ਕੁੱਝ ਤੁਸੀਂ ਆਪਣੇ ਘਰ ਬੈਠ ਕੇ ਕਰ ਸਕਦੇ ਹੋ।
ਮਹੀਨੇ ਦੇ ਚੌਥੇ ਬੁੱਧਵਾਰ, 7-8pm
**ਮੀਟਿੰਗ ID:** 312 372 258 369
**ਪਾਸਕੋਡ:** wBhAoZ

ਕੈਫ਼ੇ ਦੀ ਮੇਜ਼ਬਾਨੀ Microsoft Teams ਦੁਆਰਾ ਕੀਤੀ ਗਈ ਹੈ, ਜੇਕਰ ਤੁਹਾਨੂੰ ਜੁੜਨ ਲਈ ਕੋਈ ਸਹਾਇਤਾ ਚਾਹੀਦੀ ਹੈ, ਤਾਂ ਕਿਰਪਾ ਕਰਕੇ ਸਾਨੂੰ ਸੰਪਰਕ ਕਰੋ।

---

### ਪਿਤਾ ਅਤੇ ਪੁਰਸ਼ ਦੇਖਭਾਲਕਰਤਾ ਮੌਕੇ

ਬੱਚੇ ਨੂੰ ਖੋਣ ਦੇ ਦੁੱਖ ਦਾ ਅਨੁਭਵ ਬਹੁਤ ਹੀ ਵਿਲੱਖਣ ਅਤੇ ਚੁਣੌਤੀਪੂਰਨ ਹੁੰਦਾ ਹੈ। ਹੋਰ ਆਦਮੀਆਂ ਤੋਂ ਸਮਰਥਨ, ਸਮਝ ਅਤੇ ਹਮਦਰਦੀ ਪ੍ਰਾਪਤ ਕਰੋ। ਸਬੰਧ ਅਤੇ ਸਮਰਥਨ ਦੇ ਮੌਕਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਸਾਡੇ ਨਾਲ ਸੰਪਰਕ ਕਰੋ।

---

### ਦਾਦਾ-ਦਾਦੀ ਗਰੁੱਪ

ਕੀ ਤੁਸੀਂ ਆਪਣੇ ਪੋਤੇ ਦੀ ਮੌਤ ਦਾ ਦੁੱਖ ਝੇਲਣ ਵਾਲੇ ਦਾਦਾ-ਦਾਦੀ ਹੋ? ਤੁਸੀਂ ਇਕੱਲੇ ਨਹੀਂ ਹੋ। ਸਾਡਾ ਸਹਾਇਕ ਗਰੁੱਪ ਤੁਹਾਨੂੰ ਆਪਣੀਆਂ ਭਾਵਨਾਵਾਂ ਸਾਂਝੀਆਂ ਕਰਨ, ਦੂਜਿਆਂ ਨਾਲ ਜੁੜਨ ਅਤੇ ਦਿਲਾਸਾ ਪ੍ਰਦਾਨ ਕਰਨ ਲਈ ਇੱਕ ਸੁਰੱਖਿਅਤ ਥਾਂ ਦੀ ਪੇਸ਼ਕਸ਼ ਕਰਦਾ ਹੈ। ਸਿਖਲਾਈ ਪ੍ਰਾਪਤ ਅਤੇ ਅਨੁਭਵੀ ਬ੍ਰੀਵਮੈਂਟ ਵਲੰਟੀਅਰਾਂ ਦੀ ਅਗਵਾਈ ਵਿੱਚ। ਕਿਸੇ ਬੁਕਿੰਗ ਦੀ ਲੋੜ ਨਹੀਂ। ਹਲਕੀ ਰਿਫਰੈਸ਼ਮੈਂਟ ਵੀ ਉਪਲਬਧ ਹੈ। ਸੁਗਮ ਸਥਾਨ

ਮਹੀਨੇ ਦਾ ਆਖਰੀ ਬੁੱਧਵਾਰ,
ਸਵੇਰੇ 10 ਵਜੇ – ਦੁਪਹਿਰ 12 ਵਜੇ
Resources Room*,
Demelza Kent, Rook Lane, Bobbing,
Sittingbourne, ME9 8DZ

*ਜੇਕਰਤੁਸੀਂ ਗਰੁੱਪ ਵਿੱਚ ਨਵੇਂ ਹੋ, ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ। ਅਸੀਂ ਕਈ ਵਾਰ ਆਫ਼-ਸਾਈਟ ਮੀਟਿੰਗਾਂ ਜਾਂ ਟ੍ਰਿਪਾਂ ਦੀ ਪੇਸ਼ਕਸ਼ ਵੀ ਕਰਦੇ ਹਾਂ।

## ਭਾਈ-ਭੈਣ ਸਮਰਥਨ

Demelza ਭਾਈ ਜਾਂ ਭੈਣ ਦੀ ਮੌਤ ਦੇ ਦੁੱਖ ਨੂੰ ਸਮਝਦੀ ਹੈ। ਸਾਡਾ ਸੁਰੱਖਿਅਤ ਅਤੇ ਸਹਿਯੋਗੀ ਵਾਤਾਵਰਨ, ਜਾਂ ਤਾਂ ਵਿਅਕਤੀਗਤ ਰੂਪ ਵਿੱਚ ਜਾਂ ਇੱਕ ਗਰੁੱਪ ਵਿੱਚ, ਦੁੱਖ ਅਤੇ ਮੌਤ ਨੂੰ ਸਮਝਣ ਦੇ ਅਨੁਕੂਲ ਮੌਕੇ ਪ੍ਰਦਾਨ ਕਰਦਾ ਹੈ। ਸਿਰਜਣਸ਼ੀਲ ਥੈਰੇਪੀਆਂ, ਵਨ-ਟੂ-ਵਨ ਸੈਸ਼ਨਾਂ ਜਾਂ ਗਰੁੱਪ ਗਤੀਵਿਧੀਆਂ ਅਤੇ ਯਾਤਰਾਵਾਂ ਰਾਹੀਂ, ਅਸੀਂ ਬੱਚਿਆਂ ਅਤੇ ਨੌਜਵਾਨਾਂ ਨੂੰ ਉਨ੍ਹਾਂ ਦੇ ਅਨੁਭਵ ਸਮਝਣ ਵਿੱਚ ਮਦਦ ਕਰਦੇ ਹਾਂ।

---

## ਯਾਦਗਾਰੀ ਸਮਾਗਮ

ਅਸੀਂ ਯਾਦ ਅਤੇ ਸੰਬੰਧ ਦੇ ਮਹੱਤਵ ਨੂੰ ਸਮਝਦੇ ਹਾਂ। Demelza ਹਰ ਸਾਲ ਵੱਖ-ਵੱਖ ਸਮਾਗਮਾਂ ਦੀ ਮੇਜ਼ਬਾਨੀ ਕਰਦੀ ਹੈ, ਵਿਚਾਰ ਸਾਂਝੇ ਕਰਨ, ਸਿਰਜਣਾਤਮਕਤਾ ਅਤੇ ਸਮਾਜਕ ਸੰਪਰਕ ਦੇ ਮੌਕਿਆਂ ਦੀ ਪੇਸ਼ਕਸ਼ ਕਰਦੀ ਹੈ। ਲੋੜ ਪੈਣ ‘ਤੇ ਆਵਾਜਾਈ ਦੀ ਮੰਗ ਕੀਤੀ ਜਾ ਸਕਦੀ ਹੈ।

---

## ਦੋਸਤੀ

ਕੀ ਤੁਸੀਂ ਨਿਯਮਿਤ ਤੌਰ ‘ਤੇ ਚੈਟ ਕਰਨਾ ਚਾਹੁੰਦੇ ਹੋ ਜਾਂ ਤੁਹਾਨੂੰ ਕੋਈ ਸੁਣਨ ਵਾਲਾ ਚਾਹੀਦਾ ਹੈ? ਸਾਡੇ ਸਿਖਲਾਈ ਪ੍ਰਾਪਤ ਅਤੇ ਅਨੁਭਵੀ ਬੀਫ੍ਰੈਂਡਿੰਗ ਵਲੰਟੀਅਰ ਤੁਹਾਡੀ ਗੱਲ ਸੁਣਨ ਅਤੇ ਸਮਰਥਨ ਦੀ ਪੇਸ਼ਕਸ਼ ਕਰਨ ਲਈ ਮੌਜੂਦ ਹਨ। ਅਸੀਂ ਫ਼ੋਨ ਦੁਆਰਾ ਜਾਂ ਵਿਅਕਤੀਗਤ ਰੂਪ ਵਿੱਚ ਨਿਯਮਿਤ ਗੱਲਬਾਤ ਦਾ ਪ੍ਰਬੰਧ ਕਰ ਸਕਦੇ ਹਾਂ। Demelza ਤੁਹਾਨੂੰ ਇੱਕ ਦੋਸਤਾਨਾ ਅਤੇ ਸਮਝਦਾਰ ਸਾਥੀ ਨਾਲ ਮਿਲਾਏਗੀ।

---

## ਟੁਗੈਦਰ ਐਕਸਪਲੋਰਿੰਗ (ਮਿਲ ਕੇ ਖੋਜ ਕਰਨਾ): ਵਰਕਸ਼ਾਪਾਂ

ਸਾਡੀਆਂ ਟੂਗੈਦਰ ਐਕਸਪਲੋਰਿੰਗ: ਵਰਕਸ਼ਾਪਾਂ ਵਿੱਚ ਰਾਹਤ ਅਤੇ ਸਮਰਥਨ ਪ੍ਰਾਪਤ ਕਰੋ, ਜੋ Demelza ਕਾਉਂਸਲਰਾਂ ਅਤੇ ਪਰਿਵਾਰ ਸਮਰਥਨ ਸਟਾਫ਼ ਦੁਆਰਾ ਲਗਾਈਆਂ ਜਾਂਦੀਆਂ ਹਨ। ਇੱਕ ਸੁਰੱਖਿਅਤ ਅਤੇ ਸਮਝਦਾਰ ਮਾਹੌਲ ਵਿੱਚ ਬੈਠ ਕੇ ਦੁੱਖ, ਬੱਚੇ ਦੀ ਮੌਤ ਅਤੇ ਕੰਮ ‘ਤੇ ਵਾਪਸ ਜਾਣ ਵਰਗੇ ਮੁੱਦਿਆਂ ਬਾਰੇ ਚਰਚਾ ਕਰੋ। ਇਹ ਛੇ-ਸੈਸ਼ਨਾਂ ਵਾਲਾ ਗਰੁੱਪ ਉਨ੍ਹਾਂ ਲੋਕਾਂ ਲਈ ਹੈ ਜਿਨ੍ਹਾਂ ਨੇ ਛੇ ਤੋਂ ਵੱਧ ਮਹੀਨੇ ਪਹਿਲਾਂ ਬੱਚੇ ਦੀ ਮੌਤ ਦਾ ਦੁੱਖ ਝੇਲਿਆ ਹੈ।

ਸਾਡਾ ਗਰੁੱਪ ਸਾਈਜ਼ ਅੱਠ ਜਣਿਆਂ ਤੱਕ ਸੀਮਤ ਹੈ ਅਤੇ ਹਰੇਕ ਹਫ਼ਤੇਵਾਰ ਸੈਸ਼ਨ ਵਿੱਚ ਪੂਰੀ ਹਾਜ਼ਰੀ ਜ਼ਰੂਰੀ ਹੈ ।

## ਵਿਹਾਰਕ ਸਮਰਥਨ

ਰੋਜ਼ਾਨਾ ਦੇ ਕੰਮਾਂ ਵਿੱਚ ਮਦਦ ਦੀ ਲੋੜ ਹੈ? ਸਾਡੇ ਸਿਖਲਾਈ ਪ੍ਰਾਪਤ ਵਲੰਟੀਅਰ ਛੋਟੀ ਮਿਆਦ ਦੇ ਜਾਂ ਇੱਕ ਵਾਰ ਦੀ ਲੋੜ ਵਾਲੇ ਕੰਮਾਂ, ਜਿਵੇਂ ਕਿ ਟ੍ਰਾਂਸਪੋਰਟ, ਫਰਨੀਚਰ ਨੂੰ ਜੋੜਨ ਜਾਂ ਘਰ ਦੀਆਂ ਛੋਟੀਆਂ-ਮੋਟੀਆਂ ਮੁਰੰਮਤਾਂ ਵਿੱਚ ਮਦਦ ਕਰ ਸਕਦੇ ਹਨ।

---

## ਕਾਉਂਸਲਿੰਗ

ਬੱਚੇ ਦੀ ਮੌਤ ਦਾ ਦੁੱਖ ਬਹੁਤ ਭਾਰੀ ਹੁੰਦਾ ਹੈ, ਅਤੇ ਤੁਸੀਂ ਇਸ ਨਾਲ ਨਜਿੱਠਣ ਵਿੱਚ ਅਸਮਰੱਥ ਮਹਿਸੂਸ ਕਰ ਸਕਦੇ ਹੋ। ਅਸੀਂ ਤੁਹਾਡੇ ਵਿਚਾਰਾਂ ਅਤੇ ਭਾਵਨਾਵਾਂ ਬਾਰੇ ਚਰਚਾ ਕਰਨ ਲਈ ਪ੍ਰਤੱਖ ਰੂਪ ਵਿੱਚ ਗੁਪਤ ਸੈਸ਼ਨਾਂ ਦੀ ਪੇਸ਼ਕਸ਼ ਕਰਦੇ ਹਾਂ। ਸੈਸ਼ਨ 16**ਤੋਂ ਵੱਧ ਸਾਲ ਦੀ ਉਮਰ ਵਾਲੇ ਬਾਲਗਾਂ ਅਤੇ ਨੌਜਵਾਨਾਂ ਲਈ ਵਿਅਕਤੀਗਤ ਰੂਪ ਵਿੱਚ, ਆਨਲਾਈਨ ਜਾਂ ਫ਼ੋਨ ਦੁਆਰਾ ਕੀਤੇ ਜਾ ਸਕਦੇ ਹਨ।

***ਕਿਰਪਾ ਕਰਕੇ ਧਿਆਨ ਦਿਓ ਕਿ ਕਾਉਂਸਲਿੰਗ ਦੀ ਮੰਗ ਅਕਸਰ ਬਹੁਤ ਜ਼ਿਆਦਾ ਹੁੰਦੀ ਹੈ, ਜਿਸ ਦੇ ਨਤੀਜੇ ਵਜੋਂ ਉਡੀਕ ਸੂਚੀਆਂ ਦੀ ਸੰਭਾਵਨਾ ਰਹਿੰਦੀ ਹੈ। ਇਹ ਸੇਵਾ 16 ਅਤੇ ਵੱਧ ਸਾਲ ਦੇ ਨੌਜਵਾਨਾਂ ਅਤੇ ਬਾਲਗਾਂ ਲਈ ਉਪਲਬਧ ਹੈ ਜੋ ਮੌਜੂਦਾ ਸਮੇਂ ਹੋਰ ਕੋਈ ਉਪਚਾਰਕ ਦਖ਼ਲਅੰਦਾਜ਼ੀਆਂ ਪ੍ਰਾਪਤ ਨਹੀਂ ਕਰ ਰਹੇ ਹਨ।*

---

## ਸਿਰਜਣਾਤਮਕ ਕਲਾ ਥੈਰੇਪੀਆਂ

ਸਾਡੇ ਮਾਹਰ ਥੈਰੇਪਿਸਟਾਂ ਦੀ ਟੀਮ ਕਲਾ, ਸੰਗੀਤ, ਨਾਚ ਗਤੀਵਿਧੀ ਅਤੇ ਪੂਰਕ ਥੈਰੇਪੀਆਂ ਦੀ ਪੇਸ਼ਕਸ਼ ਕਰਦੀ ਹੈ। ਅਸੀਂ Demelza ਦੀ ਜਗ੍ਹਾ ‘ਤੇ, ਤੁਹਾਡੇ ਘਰ ਵਿੱਚ ਅਤੇ ਵਿੱਦਿਅਕ ਸੰਸਥਾਵਾਂ ਵਿੱਚ ਸੈਸ਼ਨ ਪ੍ਰਦਾਨ ਕਰ ਸਕਦੇ ਹਾਂ। ਤੁਹਾਡੇ ਲਈ ਸੁਗਮ ਸਥਾਨ ਦਾ ਨਿਰਧਾਰਨ ਕਰਨ ਵਾਸਤੇ, ਥੈਰੇਪਿਸਟ ਤੁਹਾਡੇ ਰੈਫ਼ਰਲ ਤੋਂ ਬਾਅਦ ਸ਼ੁਰੂਆਤੀ ਸਲਾਹ-ਮਸ਼ਵਰੇ ਲਈ ਤੁਹਾਡੇ ਨਾਲ ਸੰਪਰਕ ਕਰੇਗਾ।***

### ਉਪਲਬਧ ਥੈਰੇਪੀਆਂ:

**Kent:** ਕਲਾ ਥੈਰੇਪੀ, ਸੰਗੀਤ ਥੈਰੇਪੀ, ਪੂਰਕ ਥੈਰੇਪੀਆਂ
**South East London:** ਕਲਾ ਥੈਰੇਪੀ, ਸੰਗੀਤ ਥੈਰੇਪੀ, ਪੂਰਕ ਥੈਰੇਪੀਆਂ
**East Sussex:** ਸੰਗੀਤ ਥੈਰੇਪੀ, ਨਾਚ ਗਤੀਵਿਧੀ ਥੈਰੇਪੀ, ਪੂਰਕ ਥੈਰੇਪੀਆਂ

**** ਕਿਰਪਾ ਕਰਕੇ ਧਿਆਨ ਦਿਓ ਕਿ ਸਿਰਜਣਾਤਮਕ ਥੈਰੇਪੀਆਂ ਦੀ ਮੰਗ ਅਕਸਰ ਬਹੁਤ ਜ਼ਿਆਦਾ ਹੁੰਦੀ ਹੈ, ਜਿਸ ਦੇ ਨਤੀਜੇ ਵਜੋਂ ਉਡੀਕ ਸੂਚੀਆਂ ਦੀ ਸੰਭਾਵਨਾ ਰਹਿੰਦੀ ਹੈ। ਇਹ ਸੇਵਾਵਾਂ ਬੱਚਿਆਂ, ਨੌਜਵਾਨਾਂ ਅਤੇ ਬਾਲਗਾਂ ਲਈ ਉਪਲਬਧ ਹਨ ਜੋ ਮੌਜੂਦਾ ਸਮੇਂ ਹੋਰ ਕੋਈ ਉਪਚਾਰਕ ਦਖ਼ਲਅੰਦਾਜ਼ੀਆਂ ਪ੍ਰਾਪਤ ਨਹੀਂ ਕਰ ਰਹੇ ਹਨ।*

ਜੇਕਰ ਤੁਸੀਂ ਰੈਫ਼ਰਲ ਪ੍ਰਾਪਤ ਕਰਨਾ ਚਾਹੁੰਦੇ ਹੋ ਜਾਂ ਉਪਲਬਧ ਕੋਈ ਵੀ ਸਮਰਥਨ ਬਾਰੇ ਚਰਚਾ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਇਸ ਨੰਬਰ 'ਤੇ ਕਾਲ ਕਰੋ, ਟੈਕਸਟ ਜਾਂ WhatsApp ਸੁਨੇਹਾ ਭੇਜੋ: 07719 044929 ਜਾਂ FamilySupportDepartment@demelza.org.uk 'ਤੇ ਈਮੇਲ ਕਰੋ

@demelzacharity


**Demelza Kent**
**(ਪੰਜੀਕਿਰਤ ਦਫ਼ਤਰ)**
Rook Lane, Bobbing,
Sittingbourne, Kent,
ME9 8DZ
T: 01795 845200

**Demelza**
**South East London**
5 Wensley Close,
Eltham, London,
SE9 5AB
T: 020 8859 9800

**Demelza**
**East Sussex**
150a Bexhill Road,
St Leonards-on-Sea,
East Sussex, TN38 8BL
T: 01323 446461


ਹੋਰ ਜਾਣੋ

ਸੋਗ ਸਮਰਥਨ ਬਾਰੇ ਹੋਰ ਜਾਣਨ ਲਈ, QR ਕੋਡ ਸਕੈਨ ਕਰੋ ਜਾਂ ਇਸ 'ਤੇ ਜਾਓ

**demelza.org.uk**


Registered Charity No. 1039651